13

ਦਫਤਰ ਮੁੱਖ ਡਾਇਰੈਕਟਰ,
ਵਿਜੀਲੈਂਸ ਬਿਊਰੋ, ਹੈਡਕੁਆਟਰ, ਪੰਜਾਬ
ਐਸ.ਸੀ.ਓ. 60-61, ਸੈਕਟਰ 17-ਡੀ, ਚੰਡੀਗੜ੍ਹ।
ਫੋਨ: 0172-2703621, ਈ.ਮੇਲ ਆਈ.ਡੀ: computercellvb@punjab.gov.in

## ਸਰਕੂਲਰ ਨੰਬਰ : 07/2017

ਇਹ ਵੇਖਣ ਵਿੱਚ ਆਇਆ ਹੈ ਕਿ ਵਿਜੀਲੈਂਸ ਬਿਊਰੋ, ਪੰਜਾਬ ਦੇ ਟੋਲਫਰੀ ਨੰਬਰ ਪਰ ਕਈ ਸਿਕਾਇਤਕਰਤਾ ਸਿਕਾਇਤ ਕਰਨ ਤੋ ਬਾਅਦ ਪੜਤਾਲ ਦੋਰਾਨ ਦੋਸ਼ੀਆ ਨਾਲ ਸਾਜਬਾਜ ਹੋ ਕੇ ਅਜਿਹੇ ਬਿਆਨ ਦਿੰਦੇ ਹਨ ਕਿ ਉਹ ਆਪਣੀ ਸਿਕਾਇਤ ਉਪਰ ਕੋਈ ਕਾਰਵਾਈ ਨਹੀਂ ਕਰਾਉਣਾ ਚਾਹੁੰਦੇ ਅਤੇ ਕਈ ਸਿਕਾਇਤਕਰਤਾ ਝੂਠੀਆਂ ਸਿਕਾਇਤਾਂ ਦਿੰਦੇ ਹਨ। ਜਿਸ ਕਰਕੇ ਵਿਜੀਲੈਂਸ ਬਿਊਰੋ, ਪੰਜਾਬ ਨੂੰ ਪ੍ਰਾਪਤ ਹੋਣ ਵਾਲੀਆਂ ਟੋਲਫਰੀ ਸਿਕਾਇਤਾਂ ਪਰ ਠੋਸ ਕਾਰਵਾਈ ਕਰਨ ਅਤੇ ਝੂਠੀਆਂ ਸਿਕਾਇਤਾਂ ਰੋਕਣ ਦੇ ਮੰਤਵ ਲਈ ਹੇਠ ਲਿਖੇ ਅਨੁਸਾਰ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ :-

(i) ਜਿਸ ਟੋਲਫਰੀ ਸਿਕਾਇਤ ਵਿੱਚ ਸਿਕਾਇਤਕਰਤਾ ਵੱਲੋ ਇਹ ਦੱਸਿਆ ਜਾਂਦਾ ਹੈ ਕਿ ਦੋਸ਼ੀ ਵੱਲੋ ਉਸ ਪਾਸੋ ਰਿਸ਼ਵਤ ਮੰਗੀ ਜਾ ਰਹੀ ਹੈ ਤਾਂ ਇਹ ਯਕੀਨੀ ਬਣਾਇਆ ਜਾਵੇ ਕਿ ਸਬੰਧਤ ਐਸ.ਐਸ.ਪੀ., ਵਿਜੀਲੈਂਸ ਬਿਊਰੋ ਤੁਰੰਤ ਸਿਕਾਇਤਕਰਤਾ ਨਾਲ ਰਾਬਤਾ ਕਾਇਮ ਕਰਕੇ /ਕਰਵਾਕੇ ਦੋਸੀ ਨੂੰ ਰੰਗੇ-ਹੱਥੀ ਫੜਨ ਲਈ ਯਤਨ ਕਰੇ। ਅਗਰ ਅਜਿਹੀ ਸਿਕਾਇਤ ਵਿੱਚ ਕਿਸੇ ਵਜਾ ਕਰਕੇ ਦੋਸ਼ੀ ਨੂੰ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀ ਨਾ ਫੜਿਆ ਜਾ ਸਕਦਾ ਹੋਵੇ ਅਤੇ ਜਿੱਥੇ ਦੋਸ਼ੀ ਨੇ ਪਹਿਲਾ ਹੀ ਰਿਸ਼ਵਤ ਮੰਗ ਕੇ ਹਾਸਲ ਕਰ ਲਈ ਹੋਵੇ ਤਾਂ ਸਿਕਾਇਤਕਰਤਾ ਪਾਸੋ ਲਿਖਤੀ ਸਿਕਾਇਤ ਸਮੇਤ ਸਵੈ ਘੋਸਣਾ ਪੱਤਰ ਹਾਸਲ ਕਰਕੇ ਰਿਸ਼ਵਤ ਦੀ ਮੰਗ ਅਤੇ ਮੋਟਿਵ ਸਬੰਧੀ ਤੱਥਾਂ ਦੀ ਪੜਤਾਲ ਕੀਤੀ ਜਾਵੇ ਅਤੇ ਸਿਕਾਇਤ ਸੱਚੀ ਜਾਂ ਝੂੱਠੀ ਹੋਣ ਬਾਰੇ ਕਿਸੇ ਸਿੱਟੇ ਤੇ ਪਹੁੰਚਿਆ ਜਾਵੇ।

(ii) ਜੇਕਰ ਸਿਕਾਇਤ ਝੂਠੀ ਪਾਈ ਜਾਂਦੀ ਹੈ ਤਾਂ ਸਿਕਾਇਤ ਅਤੇ ਸਵੈ ਘੋਸੈਣਾ ਪੱਤਰ ਦੇ ਅਧਾਰ ਤੇ ਸਿਕਾਇਤਕਰਤਾ ਵਿਰੁੱਧ ਧਾਰਾ 182 ਆਈ.ਪੀ.ਸੀ. ਅਧੀਨ ਕਾਰਵਾਈ ਕੀਤੀ ਜਾ ਸਕਦੀ ਹੈ। ਰਿਸ਼ਵਤ ਮੰਗਣ/ਹਾਸਲ ਕਰਨ ਦੇ ਦੋਸ਼ ਤੋ ਇਲਾਵਾ ਜੋ ਹੋਰ ਕਿਸਮ ਦੀਆਂ ਟੋਲਫਰੀ ਸਿਕਾਇਤਾਂ ਪ੍ਰਾਪਤ ਹੁੰਦੀਆਂ ਹਨ ਤਾਂ ਉਨ੍ਹਾਂ ਵਿੱਚ ਵੀ ਲਿਖਤੀ ਸਿਕਾਇਤ ਸਮੇਤ ਸਵੈ ਘੋਸ਼ਣਾ ਪੱਤਰ ਹਾਸਲ ਕਰਕੇ ਹੀ ਪੜਤਾਲ ਕੀਤੀ ਜਾਵੇ ਤਾਂ ਜੋ ਝੂੱਠੀਆਂ ਟੋਲਫਰੀ ਸਿਕਾਇਤ ਉਪਰ ਕਾਰਵਾਈ ਕਰਨ ਵਿੱਚ ਵਿਜੀਲੇਂਸ ਬਿਊਰੋ ਦੇ ਸਮੇ ਦੀ ਬਰਬਾਦੀ ਨੂੰ ਰੋਕਿਆ ਜਾ ਸਕੇ ਅਤੇ ਸੱਚੀਆਂ ਸਿਕਾਇਤਾ ਉਪਰ ਠੋਸ ਕਾਰਵਾਈ ਹੋ ਸਕੇ।

ਇਨ੍ਹਾ ਹਦਾਇਤਾ ਦੀ ਪਾਲਣਾ ਇੰਨ ਬਿੰਨ ਕੀਤੀ ਜਾਵੇ।

ਸਹੀ/-
ਬੀ.ਕੇ.ਉਪਲ, ਆਈ.ਪੀ.ਐਸ
ਮੁੱਖ ਡਾਇਰੈਕਟਰ,
ਵਿਜੀਲੈਂਸ ਬਿਊਰੋ, ਪੰਜਾਬ, ਚੰਡੀਗੜ੍ਹ।